ਮੈਂ ਰੱਬ ਲੱਭਦਾ

ਭਾਗ ੨



ਪਰਵੀਨ ਰੱਖੜਾ

ਸਤਿ ਸ੍ਰੀ ਅਕਾਲ ਜੀ ਸਾਰੀਆਂ ਨੂੰ,

"ਮੈਂ ਰੱਬ ਲੱਭਦਾ" ਦੇ ਪਹਿਲੇ ਭਾਗ ਨੂੰ ਤੁਸੀ ਬਹੁਤ ਪਿਆਰ ਦਿਤਾ। ਇਸ ਲਈ ਇਸ ਕਿਤਾਬ ਦਾ ਦੂਜਾ ਭਾਗ ਲੈ ਕੇ ਹਾਜ਼ਿਰ ਹੋਏ ਹਾਂ।

ਮੇਰਾ ਮਕਸਦ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣਾ ਨਹੀਂ ਹੈ।

ਉਮੀਦ ਕਰਦਾ ਹਾਂ ਕਿ ਪਹਿਲੇ ਭਾਗ ਵਾਂਗੂੰ ਤੁਸੀ ਦੂਜੇ ਭਾਗ ਨੂੰ ਵੀ ਪਿਆਰ ਦੇਵੋਂਗੇ।

www.punjabilibrary.com

...ਮੇਰੀ ਸੋਚ ਇਸ ਸੰਸਾਰ ਨੂੰ ਲੈਕੇ ਹਾਲੇ ਇਕ ਨਵਜੰਮੇ ਬੱਚੇ ਦੀ ਤਰ੍ਹਾਂ ਹੈ। ਜਿਵੇਂ ਇਕ ਨਵਜੰਮੇ ਬੱਚੇ ਨੂੰ ਇਸ ਸੰਸਾਰ ਬਾਰੇ ਕੁਝ ਨਹੀਂ ਪਤਾ ਹੁੰਦਾ। ਬਿਲਕੁਲ ਉਸ ਤਰ੍ਹਾਂ ਹੀ ਕਦੇ ਕਦੇ ਮੈਨੂੰ ਮਹਿਸੂਸ ਹੁੰਦਾ ਕਿ ਮੈਨੂੰ ਵੀ ਹਾਲੇ ਤੱਕ ਇਸ ਸੰਸਾਰ ਬਾਰੇ ਕੁਝ ਜ਼ਿਆਦਾ ਨਹੀਂ ਪਤਾ। ਭਾਵੇਂ ਮੈਨੂੰ ਇਸ ਧਰਤੀ ਉੱਤੇ ਆਏ 22 ਸਾਲ ਹੋ ਗਏ ਹਨ ਪਰ ਹਾਲੇ ਤੱਕ ਮੈਨੂੰ ਲਗਦਾ ਹੈ ਕਿ ਮੈਂ ਕੁਝ ਖ਼ਾਸ ਨਹੀਂ ਜਾਣ ਸਕਿਆ ਇਸ ਦੁਨੀਆਂ ਬਾਰੇ।

ਇਕ ਗੱਲ ਪੁੱਛਾਂ...?

ਆਪਾਂ ਨੂੰ ਇਹ ਚੰਨ, ਤਾਰੇ ਤੇ ਸੂਰਜ ਅਜ਼ੀਬ ਜਿਹੇ ਕਿਉਂ ਨਹੀਂ ਮਹਿਸੂਸ ਹੁੰਦੇ?

ਇਹ ਚੀਜ਼ਾਂ ਆਪਣੇ ਆਪ ਵਿਚ ਹੀ ਕਿੰਨੇ ਸਵਾਲ ਖੜੇ ਕਰਦਿਆਂ ਹਨ, ਪਰ ਉਹ ਸਵਾਲ ਆਪਾਂ ਕਦੇ ਸੋਚਦੇ ਕਿਉਂ ਨਹੀਂ?

ਕਦੇ ਆਪਾਂ ਚੰਨ ਨੂੰ ਅਜੀਬ ਨਜ਼ਰ ਨਾਲ ਕਿਉਂ ਨਹੀਂ ਦੇਖਦੇ?

ਕਿ ਆਪਾਂ ਨੇ ਕਦੇ ਚੰਨ ਨੂੰ ਦੇਖ ਕੇ ਇਹ ਸੋਚਿਆ ਹੈ ਕਿ ਇਹ ਕਿ ਚੀਜ਼ ਹੈ ਆਖਿਰਕਾਰ?

ਇਸਦਾ ਜਵਾਬ ਇਹ ਹੈ, ਕਿਉਕਿ ਚੰਨ, ਤਾਰੇ ਤੇ ਸੂਰਜ ਆਪਾਂ ਬਚਪਨ ਤੋਂ ਦੇਖਦੇ ਹੋਏ ਬੜੇ ਹੋਏ ਹਾਂ। ਆਪਾਂ ਨੇ ਕਦੇ ਇਹਨਾਂ ਚੀਜ਼ਾਂ ਨੂੰ ਹੈਰਾਨੀਜਨਕ ਹੋਕੇ ਨਹੀਂ ਦੇਖਿਆ।

ਆਪਾਂ ਨੇ ਕਦੇ ਆਪਣੇ ਆਪ ਨੂੰ ਸਵਾਲ ਹੀ ਨਹੀਂ ਕੀਤਾ।

ਇਹਨਾਂ ਚੀਜ਼ਾਂ ਦੀ ਕਦਰ ਉਹ ਇਨਸਾਨ ਹੀ ਪਾ ਸਕਦਾ ਹੈ, ਜਿਸਨੇ ਜਨਮ ਤੋਂ ਹੀ ਅੱਖਾਂ ਬੰਦ ਰੱਖੀਆਂ ਹੋਣ ਤੇ ਇਹਨਾਂ ਚੀਜ਼ਾਂ ਬਾਰੇ ਕਦੇ ਕੁਝ ਨਾ ਸੁਣਿਆ ਹੋਵੇ। 20 ਸਾਲ ਦੀ ਉਮਰ ਵਿਚ ਆਕੇ ਉਹ ਅੱਖਾਂ ਖੋਲੇ ਤਾਂ ਉਹ ਚੰਨ ਤਾਰਿਆਂ, ਪੇੜ ਪੌਦਿਆਂ ਤੇ ਇਨਸਾਨ ਨੂੰ ਦੇਖ ਕੇ ਕਿੰਨਾ ਖੁਸ਼ ਹੋਵੇਗਾ। ਉਸ ਲਈ ਇਹ ਸਭ ਚੀਜ਼ਾਂ ਅਜੀਬ ਹੋਣਗੀਆਂ। ਫਿਰ ਉਹ ਸਭ ਨੂੰ ਸਵਾਲ ਪੁੱਛੇਗਾ, ਇਹ ਆਸਮਾਨ ਵਿਚ ਚਮਕਦੀ ਚੀਜ਼ ਕਿ ਹੈ? ਉਹ ਉਤਸੁਕ ਹੋਵੇਗਾ ਉਸ ਬਾਰੇ ਜਾਨਣ ਦੇ ਲਈ। ਉਹ ਹਰ ਇਨਸਾਨ ਨੂੰ ਵੀ ਅਜ਼ੀਬ ਨਜ਼ਰ ਨਾਲ ਦੇਖੇਗਾ। ਉਹ ਕਿੰਨਾ ਹੀ ਸਮਾਂ ਚੰਨ ਤੇ ਤਾਰਿਆਂ ਨੂੰ ਉਤਸੁਕਤਾ ਨਾਲ ਦੇਖਦਾ ਰਹੇਗਾ।

ਉਹ ਸੋਚੇਗਾ ਇਹ ਸਭ ਕਿਸਨੇ ਬਣਾਇਆ ਹੋਵੇਗਾ, ਫਿਰ ਹੋਲੀ ਹੋਲੀ ਉਸਨੂੰ ਧਰਮਾਂ ਬਾਰੇ ਪਤਾ ਲੱਗੇਗਾ, ਫਿਰ ਉਹ ਅਲੱਗ ਅਲੱਗ ਧਰਮਾਂ ਵਿਚਲੇ ਅਲੱਗ ਅਲੱਗ ਰੱਬ ਬਾਰੇ ਸੁਣੇਗਾ ਤੇ ਧਰਤੀ ਦੀ ਹੋਂਦ ਬਾਰੇ ਵੀ ਅਲੱਗ ਅਲੱਗ ਕਹਾਣੀਆਂ ਸੁਣੇਗਾ, ਫਿਰ ਉਹ ਕਿੰਨਾ ਜ਼ਿਆਦਾ ਉੱਲਝਣ ਵਿਚ ਪੈ ਜਾਵੇਗਾ। ਉਹ ਸੋਚੇਗਾ ਆਖਿਰਕਾਰ ਸੱਚ ਕਿ ਹੈ? ਇਹ ਇਨਸਾਨ ਕਿੰਨਾ ਮੂਰਖ ਹੈ। ਇਸਨੇ ਤਾਂ ਇਸ ਧਰਤੀ ਨੂੰ ਬਣਾਉਣ ਵਾਲੇ ਬਾਰੇ ਹੀ ਕਿੰਨੀਆਂ ਕਹਾਣੀਆਂ ਬਣਾ ਰੱਖੀਆਂ ਨੇ। ਕਿਸੇ ਨੂੰ ਧਰਤੀ ਬਣਾਉਣ ਵਾਲੇ ਬਾਰੇ ਕੁਝ ਨਹੀਂ ਪਤਾ ਪਰ ਸਭ ਪੂਜਦੇ ਨੇ ਉਸਨੂੰ, ਤੇ ਸਭ ਪੂਜਦੇ ਵੀ ਅਲੱਗ ਅਲੱਗ ਰੂਪ ਵਿਚ ਹਨ।

ਮੇਰੇ ਨਾਨਕੇ ਵਾਲੇ ਬਹੁਤ ਕੱਟੜ ਧਾਰਮਿਕ ਹਨ। ਉਹ ਜਦੋ ਵੀ ਆਉਂਦੇ ਹਨ ਮੈਨੂੰ ਇਕੋ ਸਲਾਹ ਦਿੰਦੇ ਹਨ "ਪੁੱਤ...ਨਮਾਜ਼ ਪੜਨ ਜਾਇਆ ਕਰ...ਨਹੀਂ ਤਾਂ ਜਾਹਨੁਮ ਵਿਚ ਜਾਵੇਗਾ ਸਿੱਧਾ"

ਮੈਂ ਅਕਸਰ ਇਹੀ ਸੋਚਦਾ ਕਿ "ਮੈਂ ਨਮਾਜ਼ ਨਹੀਂ ਪੜੀ ਤਾਂ ਜਾਹਨੁਮ ਵਿਚ ਜਾਵਾਂਗਾ, ਪਰ ਦੂਜੇ ਧਰਮ ਦੇ ਤਾਂ ਕਦੇ ਨਮਾਜ਼ ਨਹੀਂ ਪੜ੍ਹਦੇ, ਕਿ ਉਹ ਸਾਰੇ ਜਾਹਨੁਮ ਵਿਚ ਹੀ ਜਾਂਦੇ ਨੇ"

ਕਿ ਸੱਚੀ ਰੱਬ ਧਰਮ ਦੇ ਅਧਾਰ ਤੇ ਸਭ ਨੂੰ ਅਲੱਗ ਅਲੱਗ ਨਰਕ ਸਵਰਗ ਵਿਚ ਭੇਜਦਾ ਹੈ?

ਕਿ ਸੱਚੀ ਰੱਬ ਹਿੰਦੂ ਨੂੰ ਅਲੱਗ, ਮੁਸਲਿਮ ਨੂੰ ਅਲੱਗ, ਇਸਾਈ ਨੂੰ ਅਲੱਗ ਤੇ ਸਿੱਖਾਂ ਨੂੰ ਅਲੱਗ ਅਲੱਗ ਤਰੀਕੇ ਨਾਲ ਸਵਰਗ ਤੇ ਨਰਕ ਭੇਜਦਾ ਹੈ।

ਕਦੇ ਸੋਚਕੇ ਦੇਖਿਓ, ਏਥੇ ਹਰ ਚੀਜ਼ ਅਜ਼ੀਬ ਹੈ, ਇਨਸਾਨ ਤੋਂ ਲੈ ਕੇ ਜਾਨਵਰ, ਦਰੱਖਤ, ਆਸਮਾਨ ਤੋਂ ਲੈ ਕੇ ਜ਼ਮੀਨ, ਸਭ ਚੀਜ਼ਾਂ ਅਜ਼ੀਬ ਹਨ। ਦੁਨੀਆਂ ਅਜੀਬੋਗਰੀਬ ਚੀਜ਼ਾਂ ਨਾਲ ਭਰੀ ਹੋਈ ਹੈ। ਬਸ ਥੋੜਾ ਸੋਚਣ ਦੀ ਜ਼ਰੂਰਤ ਹੈ। ਆਪਾਂ ਆਪਣੇ ਕੰਮਾਂ ਕਾਰਾਂ ਵਿਚ ਹੀ ਏਨਾ ਉਲਝ ਗਏ ਕਿ ਆਪਣੇ ਕੋਲ ਸੋਚਣ ਦਾ ਸਮਾਂ ਹੀ ਨਹੀਂ ਹੈ। ਕੰਮ ਕਰਦੇ ਕਰਦੇ ਬੁਢੇ ਹੋ ਕੇ ਮਰ ਜਾਂਦੇ ਹਾਂ। ਕੋਈ ਵਜੂਦ ਹੀ ਨਹੀਂ ਰਹਿੰਦਾ ਇਨਸਾਨ ਦਾ, ਹਰ ਰੋਜ਼ ਕਿੰਨੇ ਇਨਸਾਨ ਮਰਦੇ ਤੇ ਜਨਮ ਲੈਂਦੇ ਹਨ।

ਕਦੇ ਸੋਚਿਆ ਕਿਸੇ ਨੇ ਕਿ ਇਹ ਗੱਲਾਂ ਆਖਿਰਕਾਰ ਹੁੰਦੀਆਂ ਕਿਉਂ ਹਨ?

ਜਨਮ ਤੇ ਮੌਤ ਆਖਿਰਕਾਰ ਕਿ ਚੀਜ਼ ਹੈ?

ਹਰ ਇਕ ਬੰਦੇ ਨੂੰ ਪਤਾ ਕਿ ਉਸਨੇ ਇਕ ਨਾ ਇਕ ਦਿਨ ਮਰਨਾ ਹੀ ਹੈ।

www.punjabilibrary.com

ਪਰ ਫੇਰ ਵੀ ਇਸ ਗੱਲ ਨੂੰ ਅਣਗੌਲਿਆ ਕਰ ਕੇ ਆਪਣੀ ਜ਼ਿੰਦਗੀ ਪੈਸੇ ਕਮਾਉਣ ਵਿਚ ਕਿਉਂ ਕੱਢ ਦਿੰਦਾ ਹੈ?

ਕਿ ਰੱਬ ਨੇ ਸਿਰਫ ਆਪਾਂ ਨੂੰ ਪੈਸੇ ਕਮਾਉਣ ਲਈ ਤੇ ਆਪਣਾ ਪਰਿਵਾਰ ਪਾਲਣ ਲਈ ਭੇਜਿਆ?

ਆਪਾਂ ਆਖਿਰਕਾਰ ਕਰਨ ਕਿ ਆਏ ਹਾਂ ਇਸ ਧਰਤੀ ਤੇ?

ਆਖਿਰਕਾਰ ਆਪਣੀ ਜ਼ਿੰਦਗੀ ਦਾ ਮਕਸਦ ਕਿ ਹੈ ?

ਕਿ ਆਪਾਂ ਨੂੰ ਭੇਜਣ ਦਾ ਕੋਈ ਖ਼ਾਸ ਕਾਰਨ ਸੀ?

ਹੁਣ ਕਿਸੇ ਨੇ ਸਲਾਹ ਦੇਣੀ ਆਹ ਗ੍ਰੰਥ ਪੜ੍ਹੋ ਜਵਾਬ ਮਿਲ ਜਾਣਗੇ, ਉਹ ਗ੍ਰੰਥ ਪੜ੍ਹੋ ਜਵਾਬ ਮਿਲ ਜਾਣਗੇ।

ਸਭ ਧਰਮਾਂ ਵਿਚ ਇਸ ਸਵਾਲ ਦਾ ਅਲੱਗ ਅਲੱਗ ਜਵਾਬ ਮਿਲੇਗਾ।

ਜੇ ਦੁਨੀਆਂ ਦੇ ਹਿਸਾਬ ਨਾਲ ਚੱਲੀਏ ਤਾਂ ਰੱਬ ਸਭ ਨੂੰ ਦੇਖਦਾ...

ਫਿਰ ਤਾਂ ਰੱਬ ਮੈਨੂੰ ਲਿਖਦੇ ਨੂੰ ਦੇਖ ਕੇ ਹੱਸ ਰਿਹਾ ਹੋਣਾ ਤੇ ਕਹਿੰਦਾ ਹੋਣਾ "ਆਹ ਪਤੰਦਰ ਕਿ ਲਿਖੀ ਜਾਂਦਾ ਮੇਰੇ ਬਾਰੇ"

ਦੇਖਦਾ ਹੀ ਹੋਣਾ ਰੱਬ ਤਾਂ ਮੈਨੂੰ ਇਹ ਸਭ ਕਰਦੇ ਹੋਏ।

www.punjabilibrary.com

ਮੇਰੇ ਵਰਗੇ ਕਿੰਨੇ ਲੋਕ ਹਨ, ਜੋ ਸਵਾਲ ਕਰਦੇ ਹਨ "ਰੱਬ ਕਿ ਹੈ"

ਤੇ ਹੁੰਦਾ ਕਿ ਹੈ ਸਾਡੇ ਵਰਗਿਆਂ ਨਾਲ?

ਇਕ ਨਾਸਤਿਕ ਹੋਣ ਦਾ ਠੱਪਾ ਸਾਡੇ ਮੱਥੇ ਉੱਤੇ ਲਾ ਦਿੱਤਾ ਜਾਂਦਾ ਹੈ। ਅਸੀਂ ਜੋ ਸਵਾਲ ਕਰਦੇ ਹਾਂ ਉਹਨਾਂ ਦਾ ਕੋਈ ਸਹੀ ਜਵਾਬ ਤਾਂ ਹੁੰਦਾ ਨਹੀਂ ਉਹਨਾਂ ਕੋਲ,

ਤੇ ਉਸ ਤੋਂ ਬਾਅਦ ਸਾਡੇ ਨਾਲ ਜੋ ਵੀ ਮਾੜਾ ਹੁੰਦਾ, ਉਸਦਾ ਦੋਸ਼ੀ ਵੀ ਸਾਡੀ ਇਹ ਸੋਚ ਨੂੰ ਦਿਤਾ ਜਾਂਦਾ ਹੈ। ਸਾਨੂੰ ਕਿਹਾ ਜਾਂਦਾ ਹੈ ਕਿ ਰੱਬ ਬਾਰੇ ਅਸੀਂ ਏਦਾਂ ਬੋਲਦੇ ਰਹਿੰਦੇ ਹਾਂ ਤਾਂ ਸਾਡਾ ਕੋਈ ਕੰਮ ਨਹੀਂ ਬਣਦਾ।

ਰੱਬ ਨੂੰ ਲੈ ਕੇ ਹਰ ਧਰਮ ਵਿਚ ਕੋਈ ਨਾ ਕੋਈ ਕਹਾਣੀ ਮੌਜੂਦ ਹੈ, ਪਰ ਲੋਕਾਂ ਦੀਆਂ ਅੱਖਾਂ ਉੱਤੇ ਧਰਮ ਦੀ ਪੱਟੀ ਬੰਨ ਦਿਤੀ ਜਾਂਦੀ ਹੈ ਤਾਂ ਜੋ ਉਹ ਕਦੇ ਇਹ ਸਵਾਲ ਨਾ ਪੁੱਛ ਸਕਣ ਕਿ "ਰੱਬ ਕਿ ਹੈ ਆਖਿਰਕਾਰ"

ਕਹਿੰਦੇ ਹਨ ਦੁਆ ਕਰਨ ਵਿਚ ਬਹੁਤ ਸ਼ਕਤੀ ਹੁੰਦੀ ਹੈ ਪਰ ਇਸ ਦੁਨੀਆ ਤੇ 33 ਕਰੋੜ ਦੇਵੀ ਦੇਵਤੇ ਹਨ,ਤੇ ਇਹਨਾਂ ਤੋਂ ਬਿਨਾਂ ਦੁਨੀਆਂ ਤੇ ਕਿੰਨੇ ਹੀ ਪੀਰ ਫ਼ਕੀਰ ਹਨ ਤੇ ਕਰੋੜਾਂ ਦੀ ਗਿਣਤੀ ਵਿਚ ਮੰਦਿਰ, ਮਸਜਿਦਾਂ ਹਨ।

ਹੁਣ ਮੁਸ਼ਕਿਲ ਇਹ ਹੈ ਕਿ ਅਸੀਂ ਦੁਆ ਸਹੀ ਜਗ੍ਹਾ ਸਹੀ ਦੇਵੀ ਦੇਵਤੇ ਕੋਲ ਕਰ ਵੀ ਰਹੇ ਹਾਂ ਜਾਂ ਨਹੀਂ?

ਏਨੇ ਦੇਵੀ ਦੇਵਤਿਆਂ ਤੇ ਪੀਰਾਂ ਫਕੀਰਾਂ ਚੋਂ ਪਤਾ ਕਿਵੇਂ ਲੱਗੇਗਾ ਕਿ ਕੌਣ ਆਪਣੀ

www.punjabilibrary.com

ਦੁਆ ਛੇਤੀ ਸੁਣੇਗਾ?

ਅੱਧੇ ਤੋਂ ਜ਼ਿਆਦਾ ਤਾਂ ਦੇਵੀ ਦੇਵਤੇ ਕਿੱਸੇ ਕਹਾਣੀਆਂ ਤੋਂ ਬਿਨਾਂ ਕੁਝ ਵੀ ਨਹੀਂ ਹਨ।

ਫਿਰ ਅਸਲੀ ਸਵਾਲ ਉੱਠਦਾ ਹੈ ਰੱਬ ਲੱਭੀਏ ਤਾਂ ਲੱਭੀਏ ਕਿਥੇ?

ਮੇਰੇ ਵਿਚਾਰਾਂ ਉੱਤੇ ਗੁਰੂ ਨਾਨਕ ਦੇਵ ਜੀ ਦਾ ਕਾਫੀ ਅਸਰ ਰਿਹਾ ਹੈ।

ਉਹਨਾਂ ਨੇ ਕਿਹਾ ਸੀ ਕਿ ਰੱਬ ਬੰਦੇ ਦੇ ਆਪਣੇ ਅੰਦਰ ਹੁੰਦਾ ਹੈ।

ਫਿਰ ਮੈਨੂੰ ਇਕ ਸ਼ਾਇਰ ਦੀ ਇਕ ਗੱਲ ਯਾਦ ਆਉਦੀ ਹੈ,

"ਬੰਦੇ ਦੇ ਵਿਚ ਅੱਲ੍ਹਾ

ਬੰਦਾ, ਬੰਦਾ ਮਾਰੇ ਤੇ?"

ਅੱਜ ਦਾਂ ਸਮਾਂ ਕਿਹਾ ਜਾਂਦਾ ਹੈ ਵਿਗਿਆਨਿਕ ਸਮਾਂ ਹੈ। ਵਿਗਿਆਨ ਆਪਣੀ ਹੋਂਦ ਦਾ ਇਹਸਾਸ ਕਰਾਉਣ ਲਈ ਕੋਈ ਨਾ ਕੋਈ ਤਰਕ ਪੇਸ਼ ਕਰਦਾ ਰਹਿੰਦਾ ਹੈ।

ਵਿਗਿਆਨ ਦਾ ਤਾਂ ਏਥੋਂ ਤੱਕ ਕਹਿਣਾ ਹੈ ਕਿ ਉਸਨੇ ਰੱਬ ਦਾ ਇਕ ਅੰਸ਼ ਤੱਕ ਲੱਭ ਲਿਆ ਹੈ। ਵਿਗਿਆਨ ਨੇ ਕਹਿ ਦਿਤਾ ਕਿ ਧਰਤੀ ਸੂਰਜ ਦਾ ਹੀ ਇਕ ਟੁਕੜਾ ਸੀ, ਜੋ ਬਾਅਦ ਵਿਚ ਠੰਡਾ ਹੋ ਕੇ ਇਸ ਰੂਪ ਵਿਚ ਬਣ ਗਿਆ।

ਸਭ ਨੇ ਅੱਖਾਂ ਬੰਦ ਕਰ ਕੇ ਇਸ ਚੀਜ਼ ਤੇ ਯਕੀਨ ਕਰ ਲਿਆ ਕਿ ਵਿਗਿਆਨ ਸਹੀ ਬੋਲ ਰਿਹਾ ਹੈ।

ਪਰ ਉਹ ਮੂਰਖ ਲੋਕ ਇਹ ਨਹੀਂ ਸੋਚਦੇ ਕਿ ਜੇ ਉਹਨਾਂ ਨੂੰ ਵਿਗਿਆਨ ਦੀ ਇਹ ਗੱਲ ਸੱਚ ਲੱਗਦੀ ਹੈ ਤਾਂ ਉਹਨਾਂ ਦਾ ਧਰਮ ਉੱਤੇ ਸਵਾਲ ਖੜਾ ਹੋ ਜਾਂਦਾ ਹੈ। ਕਿਉਕਿ ਉਹਨਾਂ ਦੇ ਧਰਮ ਵਿਚ ਧਰਤੀ ਨੂੰ ਬਣਾਉਣ ਦੀ ਇਕ ਅਲੱਗ ਕਹਾਣੀ ਦੱਸੀ ਜਾਂਦੀ ਹੈ।

ਵੈਸੇ ਵੀ ਕਿਸ ਨੇ ਦੇਖਿਆ ਸੀ ਕਿ ਸੂਰਜ ਦਾ ਹੀ ਟੁਕੜਾ ਸੀ ਧਰਤੀ, ਇਹ ਤਾਂ ਬੱਸ ਅੱਜ ਦੇ ਵਿਗਿਆਨ ਦਾ ਇਕ ਤਰਕ ਸੀ ।

ਹੁਣ ਇਹ ਨਾ ਕਹਿ ਦੇਣਾ ਵੀ ਕਿ ਪਤਾ ਸਾਡੇ ਧਰਮ ਵਿਚ ਜਿਸ ਨੇ ਧਰਤੀ ਬਣਾਈ ਸੀ ਉਸ ਨੇ ਸੂਰਜ ਦਾ ਹੀ ਟੁਕੜਾ ਲਿਆ ਹੋਵੇ ਧਰਤੀ ਬਣਾਉਣ ਲਈ...

ਦੇਖੋ...

ਹਰ ਧਰਮ ਵਿਚ ਹਰ ਗੱਲ ਪੂਰੀ ਵਿਸਤਾਰ ਨਾਲ ਦੱਸੀ ਗਈ ਹੈ। ਕਿਸੇ ਵੀ ਮਹਾਨ ਵਿਅਕਤੀ ਬਾਰੇ ਹਰ ਚੀਜ਼ ਵਿਸਤਾਰ ਵਿਚ ਦੱਸੀ ਜਾਂਦੀ ਹੈ। ਉਸਨੂੰ ਕਿਵੇਂ ਦਾ ਸੁਪਨਾ ਆਇਆ, ਕਿਦਾਂ ਉਸਨੇ ਆਪਣਾ ਜੀਵਨ ਬਿਤਾਇਆ, ਉਸਨੇ ਕਿ ਸੋਚਿਆ, ਕਿਸ ਕਿਸ ਨੂੰ ਆਪਣੀ ਜ਼ਿੰਦਗੀ ਵਿਚ ਮਿਲਿਆ ।

ਤਾਂ ਇਹ ਚੀਜ਼ ਵੀ ਕਿਸੇ ਧਰਮ ਵਿਚ ਦੱਸੀ ਹੁੰਦੀ ਕਿ ਸਾਡੇ ਰੱਬ ਨੇ ਧਰਤੀ ਬਣਾਉਣ ਲਈ ਸੂਰਜ ਤੋਂ ਟੁਕੜਾ ਲਿਆ ਸੀ।

ਹੁਣ ਇਹ ਤਾਂ ਹੋ ਨਹੀਂ ਸਕਦਾ ਵੀ ਇਹ ਕੋਈ ਛੋਟੀ ਗੱਲ ਆ, ਜਿਸਦਾ ਜ਼ਿਕਰ ਨਹੀਂ ਕੀਤਾ ਕਿਸੇ ਧਰਮ ਵਿਚ,

ਦੇਖੋ ਜਿਵੇਂ ਧਰਮ ਚ ਦੱਸੀ ਹਰ ਗੱਲ ਸੱਚ ਨਹੀਂ ਹੁੰਦੀ। ਉਸੇ ਤਰ੍ਹਾਂ ਵਿਗਿਆਨ ਦੀ ਦੱਸੀ ਵੀ ਹਰ ਗੱਲ ਸੱਚ ਨਹੀਂ ਹੁੰਦੀ। ਕਦੇ ਵੀ ਕਿਸੇ ਗੱਲ ਤੇ ਅੱਖਾਂ ਬੰਦ ਕਰ ਕੇ ਯਕੀਨ ਨਾ ਕਰੋ।

ਦੇਖੋ ਮੈਂ ਇਹ ਨਹੀਂ ਕਹਿੰਦਾ ਕਿ ਧਰਤੀ ਸੂਰਜ ਦਾ ਟੁਕੜਾ ਨਹੀਂ ਹੈ।

ਹੋ ਸਕਦੀ ਹੈ ਪਰ ਮੈਂ ਕੁਝ ਨਹੀਂ ਕਹਿ ਸਕਦੇ ਇਸ ਬਾਰੇ...

ਮੇਰਾ ਮੰਨਣਾ ਇਹ ਹੈ, ਅੱਜ ਦੇ ਸਮੇਂ ਧਰਮ ਤੇ ਰੱਬ ਦੀ ਜ਼ਰੂਰਤ ਇਸ ਲਈ ਹੈ ਕਿਉਂਕਿ ਇਹ ਅੱਜ ਦੇ ਇਨਸਾਨਾਂ ਨੂੰ ਪਾਪ ਕਰਨ ਤੋਂ ਰੋਕਦਾ ਹੈ। ਉਹਨਾਂ ਨੂੰ ਰੱਬ ਦਾ ਡਰ ਹੁੰਦਾ ਹੈ। ਕਿੰਨੇ ਹੀ ਲੋਕ ਨੇ ਜੋ ਇਸ ਡਰ ਤੋਂ ਪਾਪ ਨਹੀਂ ਕਰਦੇ ਵੀ ਰੱਬ ਸਾਨੂੰ ਨਰਕ ਵਿਚ ਸੁੱਟ ਦੇਵੇਗਾ।

ਜਦੋ ਲੋਕ ਹਿੰਮਤ ਹਾਰ ਜਾਂਦੇ ਹਨ ਤਾਂ ਉਹਨਾਂ ਨੂੰ ਰੱਬ ਤੋਂ ਇਕ ਉਮੀਦ ਹੁੰਦੀ ਹੈ ਕਿ ਰੱਬ ਸਭ ਠੀਕ ਕਰ ਦੇਵੇਗਾ।

ਅੱਜ ਦੇ ਸਮੇਂ ਮਨ ਨੂੰ ਤਸੱਲੀ ਦੇਣ ਲਈ ਇਹ ਰੱਬ ਹੋਣੇ ਜ਼ਰੂਰੀ ਹਨ।

ਜੇਕਰ ਰੱਬ ਦਾ ਡਰ ਖ਼ਤਮ ਹੋ ਗਿਆ ਤਾਂ ਇਨਸਾਨਾਂ ਵਿਚੋਂ ਇਨਸਾਨੀਅਤ ਖ਼ਤਮ ਹੋ ਜਾਵੇਗੀ।

www.punjabilibrary.com

ਵੈਸੇ ਮੈਨੂੰ ਲਗਦਾ ਹੈ ਅੱਜ ਦੇ ਇਨਸਾਨਾਂ ਵਿਚ ਤਾਂ ਇਨਸਾਨੀਅਤ ਖ਼ਤਮ ਹੋਣ ਦੇ ਕਿਨਾਰੇ ਤੇ ਹੀ ਹੈ।

ਇਕ ਸਮਾਂ ਸੀ ਜਦੋਂ ਇਸ ਧਰਤੀ ਉੱਤੇ ਡਾਇਨਾਸੋਰਾਂ ਦਾ ਰਾਜ ਸੀ। ਅਚਾਨਕ ਹੀ ਇਕ ਦਿਨ ਇਕ ਬਹੁਤ ਬੜਾ ਉਲਕਾ ਪਿੰਡ ਧਰਤੀ ਨਾਲ ਟਕਰਾਇਆ । ਜਿਸ ਨਾਲ ਪੂਰੀ ਦੁਨੀਆਂ ਵਿਚ ਹੀ ਡਾਇਨਾਸੋਰਾਂ ਦੀ ਨਸਲ ਖ਼ਤਮ ਹੋ ਗਈ। ਅੱਜ ਉਹਨਾਂ ਦੀਆਂ ਸਿਰਫ ਜ਼ਮੀਨਾਂ ਵਿਚੋਂ ਹੱਡੀਆਂ ਹੀ ਮਿਲਦੀਆਂ ਹਨ। ਇਹ ਚੀਜ਼ ਤਾਂ ਹੁਣ ਵੀ ਹੋ ਸਕਦੀ ਹੈ। ਆਪਾਂ ਬੱਸ ਕਿਸਮਤ ਵਾਲੇ ਹਾਂ ਜੋ ਅੱਜ ਤੱਕ ਜਿਉਂਦੇ ਹਾਂ।

ਕੋਈ ਪਤਾ ਨਹੀਂ ਆਉਣ ਵਾਲੇ ਸਮੇਂ ਵਿਚ ਆਪਣੀ ਹੋਂਦ ਵੀ ਏਦਾਂ ਹੀ ਮਿੱਟ ਜਾਵੇ ਤੇ ਕਰੋੜਾਂ ਸਾਲਾਂ ਦੇ ਬਾਅਦ ਇਕ ਨਵੀਂ ਪ੍ਰਜਾਤੀ ਪੈਦਾ ਹੋਵੇ। ਜਿਨ੍ਹਾਂ ਨੂੰ ਆਪਣੇ ਸਰੀਰ ਦੀਆਂ ਹੱਡੀਆਂ ਵੀ ਏਦਾਂ ਹੀ ਮਿਲਣ, ਜਿਵੇਂ ਅੱਜ ਆਪਾਂ ਨੂੰ ਡਾਇਨਾਸੋਰਾਂ ਦੀਆਂ ਮਿਲਦੀਆਂ ਹਨ। ਉਹ ਆਪਣੇ ਸਰੀਰਕ ਢਾਂਚੇ ਨੂੰ ਦੇਖ ਕੇ ਅਲੱਗ ਅਲੱਗ ਤਰ੍ਹਾਂ ਦੇ ਅੰਦਾਜ਼ੇ ਲਾਉਣਗੇ ਜਿਵੇਂ ਅੱਜ ਆਪਾਂ ਡਾਇਨਾਸੋਰਾਂ ਦੇ ਕੰਕਾਲਾਂ ਨੂੰ ਦੇਖ ਕੇ ਲਾਉਂਦੇ ਹਾਂ।

ਕਿ ਜਿਵੇਂ ਅੱਜ ਆਪਾਂ ਡਾਇਨਾਸੋਰਾਂ ਤੇ ਫ਼ਿਲਮਾਂ ਬਣਾਉਂਦੇ ਹਾਂ ਕਿ ਉਹ ਵੀ ਆਪਣੇ ਤੇ ਏਦਾਂ ਦਾ ਕੁਝ ਬਣਾਉਣਗੇ?

ਕਿ ਉਹਨਾਂ ਨੂੰ ਕਦੇ ਇਨਸਾਨਾਂ ਦੀ ਅਸਲੀ ਅਸਲੀਅਤ ਪਤਾ ਵੀ ਲੱਗੇਗੀ ਜਾਂ ਉਹ ਵੀ ਆਪਣੇ ਵਾਂਗੂੰ ਸਿਰਫ ਅੰਦਾਜ਼ੇ ਹੀ ਲਾਉਣਗੇ, ਜਿਵੇਂ ਆਪਾਂ ਡਾਇਨਾਸੋਰਾਂ ਬਾਰੇ ਲਾਉਂਦੇ ਹਾਂ।

www.punjabilibrary.com

ਪਤਾ ਨਹੀਂ ਆਉਣ ਵਾਲੇ ਸਮੇਂ ਦੇ ਵਿਚ ਕਿਦਾਂ ਦੀ ਪ੍ਰਜਾਤੀ ਪੈਦਾ ਹੋਵੇਗੀ।

ਚਲੋ ਇਹ ਤਾਂ ਜਦੋ ਹੋਵੇਗਾ, ਉਦੋਂ ਦੇਖਾਂਗੇ।

ਇਕ ਗੱਲ ਸੋਚਿਓ ਤੇ ਮੈਨੂੰ ਜਵਾਬ ਦੇਇਓ।

ਸੋਚੋ...

ਅੱਜ ਦੇ ਸਮੇਂ ਨਾ ਕੋਈ ਮੋਬਾਇਲ ਹੈ, ਨਾ ਕੋਈ ਟੀਵੀ ਹੈ, ਨਾ ਅਖਬਾਰ ਹੈ ਤੇ ਨਾ ਕੋਈ ਸੰਚਾਰ ਦਾ ਸਾਧਨ ਹੈ। ਇਹ ਸਭ ਚੀਜ਼ਾਂ ਅੱਜ ਤੋਂ 2000 ਸਾਲ ਬਾਅਦ ਆਉਣਗੀਆਂ।

ਮੈਂ ਇਸ ਸਮੇਂ ਇਕ ਕਿਤਾਬ ਲਿਖੀ 300 ਪੰਨਿਆਂ ਦੀ, ਜਿਸ ਵਿਚ ਧਰਤੀ ਦੀ ਹੋਂਦ ਤੋਂ ਲੈ ਕੇ ਰੱਬ ਦੇ ਬਾਰੇ ਤੇ ਇਨਸਾਨ ਦੇ ਇਸ ਧਰਤੀ ਤੇ ਆਉਣ ਦੇ ਬਾਰੇ ਆਪਣੇ ਵੱਲੋਂ ਕੁਝ ਕਹਾਣੀਆਂ ਲਿਖੀਆਂ ਤੇ ਇਕ ਖ਼ਾਸ ਜਗ੍ਹਾ ਬਣਾਕੇ ਓਥੇ ਲੋਕਾਂ ਨੂੰ ਉਹ ਕਹਾਣੀ ਸੁਣਾਉਣ ਲੱਗਾ। ਇਸ ਸਮੇਂ ਦੇ ਲੋਕ ਘੱਟ ਹੀ ਪੜੇ ਲਿਖੇ ਹਨ। ਹੋਲੀ ਹੋਲੀ ਲੋਕਾਂ ਨੂੰ ਉਹ ਕਹਾਣੀਆਂ ਅਸਲੀਅਤ ਲੱਗਣ ਲੱਗ ਗਈਆਂ ਤੇ ਕਈ ਲੋਕ ਮੇਰੀਆਂ ਗੱਲਾਂ ਨੂੰ ਸੱਚ ਮੰਨਣ ਲੱਗ ਗਏ। ਉਹ ਲੋਕ ਆਪਣੀ ਆਉਣ ਵਾਲੀ ਪੀੜੀ ਨੂੰ ਵੀ ਉਹ ਕਹਾਣੀਆਂ ਦੱਸਣ ਲੱਗ ਗਏ। ਹੋਲੀ ਹੋਲੀ ਵਿਗਿਆਨ ਨੇ ਤਰੱਕੀ ਕਰੀ ਤੇ ਉਸ ਕਿਤਾਬ ਦੀਆਂ ਅਲੱਗ ਅਲੱਗ ਲੋਕਾਂ ਨੇ ਨਕਲਾਂ ਬਣਾਇਆ ਤੇ ਪੂਰੀ ਦੁਨੀਆਂ ਵਿਚ ਫੈਲਾ ਦਿਤੀਆਂ। ਬਹੁਤ ਲੋਕਾਂ ਨੂੰ ਮੇਰੀ ਕਹਾਣੀ ਸੱਚ ਲੱਗਣ ਲੱਗ ਗਈ। 1000 ਕੁ ਸਾਲ ਬਾਅਦ ਲੋਕਾਂ ਨੂੰ ਵਿਸ਼ਵਾਸ ਹੋ ਗਿਆ ਕਿ ਇਹ

ਕਹਾਣੀਆਂ ਸੱਚ ਹਨ ਤੇ ਉਸ ਕਿਤਾਬ ਦੇ ਹਿਸਾਬ ਨਾਲ ਲੋਕਾਂ ਨੇ ਇਕ ਧਰਮ ਬਣਾ ਲਿਆ ਤੇ ਉਸ ਕਿਤਾਬ ਵਿਚ ਦੱਸੇ ਰੱਬ ਨੂੰ ਪੂਜਣ ਲੱਗ ਗਏ। ਕਰੋੜਾਂ ਦੀ ਗਿਣਤੀ ਵਿਚ ਲੋਕਾਂ ਨੇ ਉਸ ਰੱਬ ਨੂੰ ਯਾਦ ਕਰਨ ਦੇ ਲਈ ਰੱਬ ਦੇ ਘਰ ਬਣਾਏ। ਲੋਕ ਉਸ ਕਿਤਾਬ ਵਿਚਲੇ ਰੱਬ ਬਾਰੇ ਸਵਾਲ ਕਰਨ ਤੋਂ ਵੀ ਡਰਦੇ ਕਿ ਉਹ ਰੱਬ ਸੱਚਾ ਹੈ ਜਾਂ ਨਹੀਂ। ਲੋਕਾਂ ਨੂੰ ਲੱਗਦਾ, ਏਦਾਂ ਕਰਨ ਨਾਲ ਕਿਤਾਬ ਵਾਲਾ ਰੱਬ ਗੁੱਸਾ ਹੋ ਜਾਵੇਗਾ।

ਹੁਣ ਤੁਹਾਡੇ ਮਾਤਾ ਪਿਤਾ ਵੀ ਸੋਚੋ ਓਹੀ ਪੀੜ੍ਹੀ ਵਿਚੋਂ ਹਨ, ਜੋ ਮੇਰੀ ਲਿਖੀ ਕਿਤਾਬ ਵਾਲੇ ਰੱਬ ਨੂੰ ਸੱਚ ਮੰਨਦੇ ਹਨ।

ਹੁਣ ਇਹ ਦੱਸੋ ਕਿ ਤੁਹਾਨੂੰ ਇਹ ਧਰਮ ਤੇ ਇਹ ਰੱਬ ਮਨਜ਼ੂਰ ਹੋਵੇਗਾ, ਜੋ ਮੈਂ ਚਲਾਇਆ ਸੀ?

ਹਾਂ ਜਾਂ ਨਾ?

ਸੋਚੋ?

ਜੇ ਤੁਹਾਡਾ ਜਵਾਬ "ਨਾਂ" ਹੈ ਤਾਂ ਤੁਸੀ ਅੱਜ ਜਿਸ ਧਰਮ ਵਿਚ ਹੋ, ਉਸ ਵੱਲ ਧਿਆਨ ਦੇ ਕੇ ਦੇਖਿਓ ਜ਼ਰਾ ਤੇ ਥੋੜ੍ਹਾ ਦਿਮਾਗ ਲਾ ਕੇ ਸੋਚਣਾ ਕਿ ਮੈਂ ਕਹਿਣਾ ਕਿ ਚਾਹੁੰਦਾ ਹਾਂ।

ਤੇ ਜੇਕਰ ਤੁਹਾਡਾ ਜਵਾਬ "ਹਾਂ" ਹੈ ਤਾਂ ਵੀ ਜ਼ਰੂਰ ਆਪਣੇ ਧਰਮ ਉੱਤੇ ਧਿਆਨ ਦੇਇਓ।

...ਅੱਖਾਂ ਰਾਹੀਂ ਦੁਨੀਆਂ ਦੇਖਣ ਵਾਲੇ ਮਨ ਦੀਆਂ ਅੱਖਾਂ ਨੂੰ ਬੰਦ ਕਰਕੇ ਆਪਣੇ ਆਪ ਨੂੰ ਸਵਾਲ ਨਹੀਂ ਪੁੱਛਦੇ। ਦਿਮਾਗ ਵਿਚ ਬਹੁਤ ਸਵਾਲ ਆਉਦੇ ਆ ਇਸ ਜਹਾਨ ਬਾਰੇ।

ਪਰ ਸੋਚਣਾ ਕਿਸਨੇ ਆ?

ਨਜ਼ਰਅੰਦਾਜ਼ ਕਰਕੇ ਆਪਣੇ ਜ਼ਿੰਦਗੀ ਜਿਊਣ ਵਿਚ ਵਿਅਸਤ ਆ ਸਾਰੇ।

ਮੇਰੀ ਏਨੀ ਔਕਾਤ ਨਹੀਂ ਕਿ ਮੈਂ ਦੁਨੀਆ ਨਾਲ ਟੱਕਰ ਲੈ ਲਵਾਂ।

ਪਰ ਹੁਣ ਕੋਸ਼ਿਸ ਕਰੀ ਆ ਤਾਂ ਪਿੱਛੇ ਨਹੀਂ ਹੱਟਣਾ। ਮੈਂ ਉਸ ਪੰਜਾਬ ਦਾ ਵਾਸੀ ਹਾਂ ਜੋ ਪਿੱਛੇ ਹਟਣ ਵਾਲਿਆਂ ਵਿਚੋਂ ਨਹੀਂ।

ਪਰ ਇਕ ਗੱਲ ਤਾਂ ਹੈ, ਜਿਨ੍ਹਾਂ ਚਿਰ ਜਿਉਂਦੇ ਹਾਂ, ਉਹਨਾਂ ਚਿਰ ਸਵਾਲ ਤਾਂ ਅਸੀਂ ਕਰਦੇ ਰਹਿਣਾ, ਜਵਾਬ ਮਿਲੇ ਜਾਂ ਨਾ। "ਮੈਂ ਰੱਬ ਲੱਭਦਾ" ਤੁਹਾਡੇ ਲਈ ਇਕ ਆਮ ਕਿਤਾਬ ਹੋ ਸਕਦੀ ਹੈ ਪਰ ਮੇਰੇ ਲਈ ਇਹ ਕਿਤਾਬ ਮੇਰੀ 22 ਸਾਲਾਂ ਦੀ ਸੋਚ ਹੈ ਜੋ ਮੈਂ ਕੱਲੇ ਬੈਠ ਕੇ ਸੋਚਦਾ ਸੀ ਤੇ ਆਪਣੇ ਆਪ ਨੂੰ ਸਵਾਲ ਪੁੱਛ ਕੇ ਖੁਦ ਹੀ ਉਸਦੇ ਜਵਾਬ ਦੇਣ ਦੀ ਕੋਸ਼ਿਸ ਕਰਦਾ ਸੀ।

ਬਹੁਤ ਲੋਕਾਂ ਨੇ ਤਾਰੀਫ ਕਰੀ ਮੇਰੀ ਇਸ ਕੋਸ਼ਿਸ ਲਈ ਪਰ ਜ਼ਿਆਦਾ ਲੋਕਾਂ ਨੂੰ ਸ਼ਇਦ ਪਸੰਦ ਨਹੀਂ ਆਈ ਮੇਰੀ ਗੱਲ।

ਮੈਨੂੰ ਪਤਾ
ਬਹੁਤ ਲੋਕਾਂ ਨੇ ਬਹੁਤ ਤਰਕ ਦਿਤੇ ਆ ਕਿ ਰੱਬ ਨਹੀਂ ਹੈ, ਧਰਮ ਨਾਮ ਦੀ ਚੀਜ਼

www.punjabilibrary.com

ਨਹੀਂ ਕੋਈ,

ਪਰ ਮੈਂ ਆਪਣੀ ਪਹਿਲੀ ਕਿਤਾਬ ਵਿਚ ਹੀ ਜ਼ਿਕਰ ਕੀਤਾ ਸੀ ਕਿ

"ਮੈਂ ਰੱਬ ਨੂੰ ਮੰਨਦਾ ਹਾਂ, ਬਸ ਲੋਕਾਂ ਵੱਲੋਂ ਬਣਾਏ ਰੱਬ ਨੂੰ ਨਹੀਂ ਮੰਨਦਾ।"

ਰੱਬ ਹੈ, ਆਪਾਂ ਨੂੰ ਬਣਾਉਣ ਵਾਲਾ ਕੋਈ ਤਾਂ ਹੈ, ਜਿਸਨੇ ਆਪਾਂ ਨੂੰ ਬਣਾਇਆ, ਪੂਰੀ ਰੀਝ ਲਾ ਕੇ ਬਣਾਇਆ ਆਪਾਂ ਨੂੰ, ਮੈਂ ਉਸ ਰੱਬ ਨੂੰ ਮੰਨਦਾ।

ਕਿਸੇ ਮੰਦਿਰ, ਮਸਜਿਦ ਵਿਚ ਜਾਕੇ ਮਿਲਣ ਵਾਲੇ ਰੱਬ ਨੂੰ ਮੈਂ ਨਹੀਂ ਮੰਨਦਾ। ਨਾ ਮੈਨੂੰ ਲਗਦਾ ਓਥੇ ਰੱਬ ਆਉਂਦਾ ਕਦੀ,

ਬਸ ਸੁਣੀਆਂ ਸੁਣਾਇਆਂ ਕਹਾਣੀਆਂ ਹੁੰਦੀਆਂ ਓਥੇ ਬਸ।

ਕਿਸੇ ਨੇ ਮੈਨੂੰ ਕਿਹਾ ਆਹ ਕਿਤਾਬ ਪੜ ਜਵਾਬ ਮਿਲ ਜਾਣਗੇ, ਕਿਸੇ ਨੇ ਕਿਹਾ ਆਹ ਵੀਡੀਓ ਦੇਖ, ਜਵਾਬ ਮਿਲ ਜਾਣਗੇ।

ਕਿਉਂ ਬਾਈ...ਕਿਸੇ ਬੰਦੇ ਦੀ ਗੱਲ ਤੇ ਯਕੀਨ ਕਿਉਂ ਕਰਾਂ ਮੈਂ..ਉਹ ਕਿਤਾਬ ਲਿਖਣ ਵਾਲਾ ਜਾਂ ਵੀਡੀਓ ਬਣਾਉਣ ਵਾਲਾ ਤਾਂ ਬੰਦਾ ਹੀ ਹੈ ਜਾਂ ਰੱਬ ਹੈ ਉਹ, ਜਿਸਦੀ ਗੱਲ ਮੰਨ ਲਵਾਂ ਮੈਂ,

ਆਪਣੇ ਲੋਕਾਂ ਦੀ ਮੁਸੀਬਤ ਪਤਾ ਕਿ ਆ...

ਅੱਖਾਂ ਬੰਦ ਕਰਕੇ ਯਕੀਨ ਕਰ ਲੈਂਦੇ ਹਾਂ ਆਪਾਂ, ਕਿਸੇ ਬੜੇ ਬੰਦੇ ਨੇ ਕੁਝ ਕਿਹਾ

www.punjabilibrary.com

ਤਾਂ ਸੋਚ ਲੈਂਦੇ ਹਾਂ ਉਸਨੇ ਸਹੀ ਹੀ ਕਿਹਾ ਹੋਵੇਗਾ। ਆਪਣਾ ਤਾਂ ਦਿਮਾਗ ਲਾ ਕੇ ਸੋਚਣਾ ਨਹੀਂ ਕੁਝ, ਆਹ ਕੁਝ ਟੀਵੀ ਉੱਤੇ ਇਕ ਸ਼ੋਅ ਦੇਖ ਕੇ ਤੇ ਕੁਝ ਕਿਤਾਬਾਂ ਪੜ ਕੇ ਆਪਣੇ ਮਨ ਨੂੰ ਖੁਸ਼ ਕਰ ਲੈਂਦੇ ਆ ਕਿ ਸਾਨੂੰ ਤਾਂ ਜੀ ਸਾਰੇ ਜਵਾਬ ਮਿਲ ਗਏ।

ਹੁਣ ਉਹ ਕੋਈ ਸਵਾਲ ਨਹੀਂ ਕਰਦੇ ਰੱਬ ਦੀ ਹੋਂਦ, ਧਰਤੀ ਦੀ ਹੋਂਦ ਤੇ ਇਨਸਾਨਾਂ ਦੀ ਹੋਂਦ ਬਾਰੇ।

ਆਪਣੇ ਆਪ ਨੂੰ ਗਿਆਨੀ ਸਮਝ ਕੇ ਬੈਠ ਜਾਂਦੇ ਆ।

ਫੋਕੀ ਦੁਨੀਆਂ ਵਿਚੋਂ ਨਿਕਲੋ ਤੇ ਆਪਣੇ ਆਪ ਨੂੰ ਸਵਾਲ ਕਰਨੇ ਸ਼ੁਰੂ ਕਰੋ।

ਕਿ ਅਸੀਂ ਸੱਚ ਮੁੱਚ ਕੁਝ ਜਾਣਦੇ ਵੀ ਹਾਂ ਜਾਂ ਨਹੀਂ?

ਕਿਸੇ ਨੇ ਗੌਰ ਕਰੀ ਹੋਵੇ ਗੱਲ, ਸਾਰੇ ਚਮਤਕਾਰ ਪੁਰਾਣੇ ਸਮੇਂ ਵਿਚ ਹੀ ਹੁੰਦੇ ਸਨ, ਰੱਬ, ਬੰਦੇ ਦਾ ਰੂਪ ਲੈ ਕੇ ਧਰਤੀ ਤੇ ਆਉਦਾ, ਦੇਵਤੇ ਧਰਤੀ ਤੇ ਘੁੰਮਦੇ ਰਹਿੰਦੇ, ਇਹ ਸਭ ਉਸ ਸਮੇਂ ਦੀ ਗੱਲ ਸੀ ਜਦੋ ਵਿਗਿਆਨ ਨੇ ਏਨੀ ਤਰੱਕੀ ਨਹੀਂ ਸੀ ਕਰੀ। ਸੰਚਾਰ ਦਾ ਕੋਈ ਸਾਧਨ ਨਹੀਂ ਸੀ। ਲੋਕ ਪੜੇ ਲਿਖੇ ਵੀ ਨਹੀਂ ਸੀ ਜਿਆਦਾ, ਉਹਨਾਂ ਨੂੰ ਬੇਵਕੂਫ ਬਣਾਉਣਾ ਵੀ ਕੀਤੇ ਜਿਆਦਾ ਸੌਖਾ ਸੀ। ਉਸ ਸਮੇਂ ਕਿਸੇ ਨੇ ਕੁਝ ਵੀ ਲਿਖ ਦਿਤਾ ਤਾਂ ਸਭ ਨੇ ਅੱਖਾਂ ਬੰਦ ਕਰ ਯਕੀਨ ਕਰ ਲਿਆ।

ਲੋਕਾਂ ਦਾ ਕਹਿਣਾ ਹੈ ਕਿ ਉਹ ਸਤਿਯੁਗ ਸੀ, ਇਹ ਕਲਯੁਗ ਹੈ। ਇਸ ਕਰਕੇ ਦੇਵੀ ਦੇਵਤੇ ਪ੍ਰਗਟ ਨਹੀਂ ਹੁੰਦੇ।

www.punjabilibrary.com

ਇਕ ਬਹਾਨਾ ਬਸ ਇਹ, ਕਿਉਕਿ ਅੱਜ ਦੇ ਸਮੇਂ ਲੋਕਾਂ ਕੋਲ ਸੰਚਾਰ ਦੇ ਸਾਧਨ ਹਨ। ਮਿੰਟਾਂ ਵਿਚ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਂਦਾ।

ਇਕ ਧਾਰਮਿਕ ਗ੍ਰੰਥ ਪੜ ਕੇ ਦੇਖਿਓ, ਉਸ ਵਿਚ ਜਿਸ ਵੀ ਰੱਬ ਜਾਂ ਮਹਾਨ ਆਦਮੀ ਬਾਰੇ ਗੱਲ ਦੱਸੀ ਗਈ ਹੋਵੇਗੀ ਉਸਦੀ ਹਰ ਛੋਟੀ ਤੋਂ ਛੋਟੀ ਗੱਲ ਵੀ ਦੱਸੀ ਜਾਂਦੀ ਹੈ। ਏਥੋਂ ਤੱਕ ਵੀ ਦੱਸਿਆ ਜਾਂਦਾ ਹੈ ਕਿ ਉਸਨੇ ਆਖਿਰਕਾਰ ਇਕੱਲੇ ਵਿਚ ਬੈਠ ਕੇ ਕਿ ਕੀਤਾ।

ਇਹ ਤਾਂ ਸਿਰਫ ਇਕ ਕਹਾਣੀਕਾਰ ਹੀ ਕਰ ਸਕਦਾ ਹੈ।

ਹੁਣ ਲੋਕਾਂ ਨੇ ਕਹਿਣਾ "ਉਹ ਮੂਰਖ, ਉਸ ਸਮੇਂ ਦੇ ਬਹੁਤ ਲੋਕ ਚਮਤਕਾਰੀ ਹੁੰਦੇ ਸਨ, ਓਹਨਾਂ ਨੂੰ ਇਹ ਗੱਲਾਂ ਪਤਾ ਲੱਗ ਜਾਂਦੀਆਂ ਸੀ"

ਮੈਂ ਉਹਨਾਂ ਨੂੰ ਪੁੱਛਣਾ ਚਾਹੁੰਗਾ "ਥੋਡੀ ਕਿਹੜੀ ਭੂਆ ਰਹਿੰਦੀ ਸੀ ਉਸ ਸਮੇਂ, ਜਿਸ ਨੇ ਤੁਹਾਨੂੰ ਇਹ ਸਭ ਦੱਸਿਆ ਕਿ ਉਸ ਸਮੇਂ ਦੇ ਲੋਕ ਚਮਤਕਾਰੀ ਹੁੰਦੇ ਸਨ"

ਧਰਮ ਦੀ ਪੱਟੀ ਬੰਨ ਲੋਕ ਅੰਨ੍ਹੇ ਤੇ ਬੋਲੇ ਹੋ ਗਏ ਹਨ। ਕੁਝ ਵੀ ਕਹੀ ਚਲੋ ਉਹਨਾਂ ਨੂੰ, ਜਿੰਨੇ ਮਰਜ਼ੀ ਸਵਾਲ ਪੁੱਛ ਲਵੋ। ਆਪਣਾ ਹੀ ਇਕ ਬੇਤੁਕਾ ਤਰਕ ਬਣਾ ਕੇ ਕਹਿਣਗੇ।

"ਇਹ ਰੱਬ ਦੀ ਲੀਲਾ ਆ, ਹਰ ਇਨਸਾਨ ਨਹੀਂ ਸਮਝ ਸਕਦਾ, ਤੂੰ ਤਾਂ ਨਾਸਤਿਕ ਆ, ਤੈਨੂੰ ਨਹੀਂ ਯਕੀਨ ਆਉਣਾ ਇਸ ਗੱਲ ਤੇ"

www.punjabilibrary.com

ਬਸ ਉਹ ਬਹਿਸ ਏਥੇ ਹੀ ਖ਼ਤਮ ਹੋ ਜਾਂਦੀ ਹੈ।

ਰੱਬ ਦੇ ਬਾਰੇ ਸਵਾਲ ਕਰਨ ਨਾਲ ਬੰਦਾ ਨਾਸਤਿਕ ਹੋ ਜਾਂਦਾ ਹੈ।

ਆਪਾਂ ਸਾਰੇ ਪੜੇ-ਲਿਖੇ ਅਨਪੜ੍ਹ ਹਾਂ, ਏਨਾ ਪੜ ਕੇ ਵੀ ਆਪਣੀ ਸੋਚ ਅਨਪੜ੍ਹ ਹੀ ਰਹਿ ਜਾਂਦੀ ਆ। ਸ਼ਰੇਆਮ ਦਿਖ ਰਿਹਾ ਕਿ ਧਰਮਾਂ ਵਿਚ ਗ਼ਲਤ ਦੱਸਿਆ ਜਾਂਦਾ ਰੱਬ ਬਾਰੇ ਪਰ ਕੋਈ ਸਵਾਲ ਨਹੀਂ ਪੁੱਛਦਾ, ਡਰਦੇ ਆ ਸਭ, ਰੱਬ ਬਾਰੇ ਬੋਲਣ ਨਾਲ ਉਹ ਮੁਸੀਬਤ ਵਿਚ ਫੱਸ ਜਾਣਗੇ,

ਹਰ ਇਕ ਨੂੰ ਪਤਾ ਯਾਰ ਰੱਬ ਇਕੋ ਹੋ ਸਕਦਾ, ਪਰ ਫੇਰ ਇਹ ਧਰਮ ਆਲਾ ਵਪਾਰ ਰੁਕ ਜਾਵੇਗਾ ਨਾ, ਲੋਕ ਪੈਸੇ ਨਹੀਂ ਚੜਾਉਣਗੇ ਰੱਬ ਨੂੰ, ਮੰਦਿਰਾਂ ਨੂੰ, ਇਹਨਾਂ ਦਾ ਘਰ ਕਿਵੇਂ ਚੱਲੂ ਫੇਰ, ਮੁਸਬੀਤ ਤਾਂ ਇਹੀ ਆ।

ਇਕ ਗੱਲ ਦੱਸੋ,

ਜੋ ਤੁਸੀ ਕਿਸੇ ਮਾਤਾ ਦੇ ਮੰਦਿਰ ਚੁੰਨੀ ਚੜਾਉਦੇ ਹੋ ਤੇ ਦਰਗਾਹ ਤੇ ਚਾਦਰ ਚੜਾਉਦੇ ਹੋ,

ਉਹ ਜਾਂਦੀ ਕਿਥੇ ਹੈ ਆਖਿਰਕਾਰ?

ਲੱਖਾਂ ਦੀ ਗਿਣਤੀ ਵਿਚ ਚੁੰਨੀਆਂ ਤੇ ਚਾਦਰਾਂ ਚੜ੍ਹਦੀਆਂ ਨੇ, ਉਹ ਜਾਂਦੀਆਂ ਕਿਥੇ ਆ?

ਸੋਚਿਆ ਕਦੀ?

www.punjabilibrary.com

ਕਿ ਉਹ ਬਾਬਾ ਜਾਂ ਮਾਤਾ ਆਕੇ ਚੁੰਨੀ ਜਾਂ ਚਾਦਰ ਲੈ ਜਾਂਦੇ ਆ?

ਉਹ ਚੁੰਨੀਆਂ ਤੇ ਚਾਦਰਾਂ ਵਾਪਿਸ ਆਕੇ ਬਾਜ਼ਾਰ ਵਿਚ ਹੀ ਵਿੱਕਣ ਲੱਗ ਜਾਂਦੀਆਂ ਹਨ।

ਕੁਝ ਦਿਨ ਦੇ ਬਾਅਦ ਤੁਹਾਡੀ ਚੜ੍ਹਾਈ ਚੁੰਨੀ ਜਾਂ ਚਾਦਰ ਕੋਈ ਹੋਰ ਬੰਦਾ ਚੜ੍ਹਾ ਕੇ ਜਾਂਦਾ ਓਹੀ ਬਾਬੇ ਜਾਂ ਮਾਤਾ ਨੂੰ,

ਸੋਚਿਆ ਕਰੋ ਯਾਰ,

ਖੁਦ ਤੋਂ ਸੋਚਿਆ ਕਰੋ...

ਕਿਸੇ ਨੂੰ ਨਹੀਂ ਬਦਲ ਸਕਦੇ ਘੱਟ ਤੋਂ ਘੱਟ ਖੁਦ ਨੂੰ ਤਾਂ ਬਦਲੋ...

ਜਿੰਨੇ ਪੈਸੇ ਅੱਜ ਮੰਦਿਰਾਂ ਤੇ ਦਰਗਾਹਾਂ ਉੱਤੇ ਚੜ ਦੇ ਆ ਨਾ, ਜੇ ਉਹਨਾਂ ਦਾ ਸਹੀ ਉਪਯੋਗ ਕਰੀਆ ਜਾਵੇ ਤਾਂ ਆਪਣੇ ਦੇਸ਼ ਵਿਚ ਕੋਈ ਭੁੱਖਾ ਨਹੀਂ ਸੋਏਗਾ। ਆਪਣਾ ਦੇਸ਼ ਦੀ ਆਰਥਿਕ ਹਾਲਾਤ ਬਹੁਤ ਸੁਧਰ ਜਾਵੇਗੀ। ਪਰ ਉਹ ਪੈਸੇ ਕੁਝ ਕੇ ਲੋਕਾਂ ਵਿਚ ਸਿਮਟ ਕੇ ਰਹਿ ਜਾਂਦੇ ਹਾਂ।

ਰੱਬ ਨੂੰ ਚੜਾਇਆ ਇਕ ਰੁਪਿਆ ਵੀ ਰੱਬ ਕੋਲ ਨਹੀਂ ਪਹੁੰਚਦਾ।

ਤੁਹਾਨੂੰ ਕਿ ਲਗਦਾ ਰੱਬ ਤੁਹਾਡੇ ਪੈਸਿਆਂ ਦਾ ਭੁੱਖਾ ਹੈ?

www.punjabilibrary.com

ਉਂਝ ਕਹਿੰਦੇ ਹੋ ਰਿਸ਼ਵਤ ਬਹੁਤ ਮਾੜੀ ਚੀਜ਼ ਆ, ਪਰ ਸਭ ਤੋਂ ਜਿਆਦਾ ਰਿਸ਼ਵਤ ਖੋਰ ਤਾਂ ਆਪਾਂ ਹਾਂ,

ਜੋ ਰੱਬ ਨੂੰ ਪੈਸੇ ਚੜਾ ਕੇ ਕਹਿੰਦੇ ਹਾਂ, ਰੱਬਾ ਸਾਡਾ ਇਹ ਕੰਮ ਬਣਾ ਦੇ ਜਾਂ ਮੈਂ ਏਨੇ ਪੈਸੇ ਚੜਾ ਕੇ ਜਾਵਾਂਗਾ ਜੇ ਮੇਰਾ ਉਹ ਕੰਮ ਬਣ ਜਾਵੇ।

ਹੱਦ ਹੁੰਦੀ ਕਿਸੇ ਚੀਜ਼ ਦੀ ਯਾਰ...

ਆਪਾਂ ਰੱਬ ਨੂੰ ਪੈਸੇ ਚੜਾ ਰਹੇ ਹਾਂ।

ਹਾਸਾ ਆਉਦਾ ਮੈਨੂੰ ਅੱਜ ਦੀ ਦੁਨੀਆਂ ਤੇ,

ਪਤਾ ਨਹੀਂ ਕਿ ਸੋਚਕੇ ਪੈਸੇ ਚੜਾਉਦੇ ਆ, ਉਹਨਾਂ ਨੂੰ ਲੱਗਦਾ ਅਸੀਂ ਰੱਬ ਨੂੰ ਖੁਸ਼ ਕਰ ਰਹੇ ਹਾਂ।

ਕਿ ਰੱਬ ਨੂੰ ਤੁਹਾਡੇ ਦਿਤੇ ਪੈਸਿਆਂ ਦੀ ਜ਼ਰੂਰਤ ਹੈ?

ਮਾਫ ਕਰਨਾ, ਜੇ ਰੱਬ ਏਦਾਂ ਖੁਸ਼ ਹੁੰਦਾ ਹੈ ਤਾਂ

ਮੈਂ ਏਦਾਂ ਦੇ ਰਿਸ਼ਵਤਖੋਰ ਨੂੰ ਰੱਬ ਨਹੀਂ ਮੰਨਦਾ।

ਦੇਖੋਂ ਮੈਂ ਕਿਸੇ ਇਕ ਧਰਮ ਦੇ ਖਿਲ਼ਾਫ ਨਹੀਂ ਹਾਂ। ਮੈਂ ਸਾਰੇ ਹੀ ਧਰਮਾਂ ਦੇ ਖਿਲ਼ਾਫ ਹਾਂ। ਮੇਰਾ ਮੰਨਣਾ ਹੈ ਕਿ "ਰੱਬ ਹੈ" ਪਰ ਆਪਾਂ ਜਿਸ ਨੂੰ ਇਸ ਦੁਨੀਆਂ ਉੱਤੇ ਰੱਬ ਮੰਨਦੇ ਹਾਂ, ਉਹ ਅਸਲੀ ਰੱਬ ਨਹੀਂ ਹੈ।

www.punjabilibrary.com

ਅਸਲੀ ਰੱਬ ਨੂੰ ਕਿਸੇ ਨੇ ਨਹੀਂ ਦੇਖਿਆ। ਆਪਾਂ ਬੱਸ ਰੱਬ ਦੇ ਬਾਰੇ ਲਿਖੀਆਂ ਕਹਾਣੀਆਂ ਉੱਤੇ ਯਕੀਨ ਕਰਦੇ ਚੱਲ ਰਹੇ ਹਾਂ।

ਬਾਕੀ ਮੇਰੀ ਰੱਬ ਨੂੰ ਲੱਭਣ ਦੀ ਕੋਸ਼ਿਸ ਬਰਕਰਾਰ ਹੈ। ਮੈਨੂੰ ਫਿਲਹਾਲ ਮੈਂ ਕਿਸੇ ਨਤੀਜੇ ਤੇ ਪਹੁੰਚਦਾ ਨਜ਼ਰ ਨਹੀਂ ਆ ਰਿਹਾ ਤੇ ਨਾ ਹੀ ਸ਼ਾਇਦ ਮੈਂ ਕਿਸੇ ਨਤੀਜੇ ਉੱਤੇ ਪਹੁੰਚ ਪਾਵਾਂ।

ਇਹ ਕਿਤਾਬ ਲਿਖਣ ਦੇ ਲਈ ਮੇਰੀ ਮਾਤਾ ਜੀ ਅਤੇ ਭੈਣ ਅਮਨਜੋਤ ਕੌਰ ਮਿੱਡਾ ਨੇ ਬਹੁਤ ਸਾਥ ਦਿਤਾ। ਮੈਂ ਦਿੱਲੋਂ ਧੰਨਵਾਦ ਕਰਦਾ ਜੀ। ਦੋਵਾਂ ਦੇ ਸਾਥ ਤੋਂ ਬਿਨਾਂ ਇਹ ਕਿਤਾਬ ਸੰਭਵ ਹੀ ਨਹੀਂ ਸੀ।

ਉਮੀਦ ਕਰਦਾਂ ਹਾਂ ਤੁਹਾਨੂੰ ਮੇਰੀ ਕਿਤਾਬ "ਮੈਂ ਰੱਬ ਲੱਭਦਾ" ਦਾ ਭਾਗ ਦੂਜਾ ਵੀ ਪਸੰਦ ਆਇਆ ਹੋਵੇਗਾ।

ਬਾਕੀ ਤੁਸੀ ਆਪਣੇ ਵਿਚਾਰ ਮੇਰੇ ਨਾਲ ਵਟਸਐਪ ਉੱਤੇ ਸਾਂਝੇ ਕਰ ਸਕਦੇ ਹੋ।

ਪਰਵੀਨ ਰੱਖੜਾ

(8360000267)

Read more like this at

www.punjabilibrary.com